# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਵੱਲ

**ਸਬੰਧਤ ਸਕੂਲ ਮੁੱਖੀ**
**ਸਸਸਸ**
**ਜਿਲ੍ਹਾ ਬਠਿੰਡਾ।**

ਪੱਤਰ ਨੰ: ਜੀ-1/1 ( )2026 / 3031          ਮਿਤੀ ਬਠਿੰਡਾ : 01.04.26

**ਵਿਸ਼ਾ :** **ਬਿਜਨਸ ਬਲਾਸਟਰ ਪ੍ਰੋਜੈਕਟ 2025-26 ਦੇ ਪੈਡਿੰਗ ਰਹਿੰਦੇ ਸਕੂਲਾਂ ਦੇ ਵਰਤੋਂ ਸਰਟੀਫਿਕੇਟ ਭੇਜਣ ਸੰਬੰਧੀ।**

ਹਵਾਲਾ : ਇਸ ਦਫਤਰ ਦੇ ਪੱਤਰ ਨੰ: ਜੀ-1/1 ( )2026 /3002 ਮਿਤੀ ਬਠਿੰਡਾ : 20.03.2026 ਦੀ ਲਗਾਤਾਰਤਾ ਵਿਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ, ਪੰਜਾਬ ਸਿੱਖਿਆ ਵਿਭਾਗ, ਸਿੱਖਿਆ 5 ਸਾਖਾ ਵੱਲੋ ਆਪਣੇ ਪੱਤਰ ਨੰ SED-EDUS019/1/2024-3EDU5(part-2)/1323175 ਮਿਤੀ 19.02.2026 ਰਾਹੀਂ ਪਲਾਨ ਸਕੀਮ EDS-85 Punjab Young Entrepreneur Programme State Scheme ਅਧੀਨ ਬਿਜਨਸ ਬਲਾਸਟਰ ਪ੍ਰੋਜੈਕਟ 2025-26 ਲਈ ਬਠਿੰਡਾ ਜਿਲ੍ਹੇ ਦੇ ਗਿਆਰ੍ਹਵੀ ਜਮਾਤ ਦੇ ਵਿਦਿਆਰਥੀਆਂ ਨੂੰ 1000 ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਕੁੱਲ ਰਕਮ 70,60,212,00 /- ਰੁਪਏ (ਸੱਤਰ ਲੱਖ ਸੱਠ ਹਜ਼ਾਰ ਦੋ ਸੋ ਬਾਰਾਂ ਰੁਪਏ) ਸੀਡ ਮਨੀ (ਪਹਿਲੀ ਕਿਸ਼ਤ) ਪ੍ਰਾਪਤ ਹੋਈ ਹੈ, ਜਦੋ ਕਿ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਇਸ ਦਫਤਰ ਵੱਲੋ 70,60,000 ( ਸੱਤਰ ਲੱਖ ਸੱਠ ਹਜਾਰ ਰੁਪਏ ) ਦੀ ਰਾਸ਼ੀ ਟਰਾਂਸਫਰ ਕੀਤੀ ਗਈ ਸੀ। ਜੋ ਕਿ ਆਪ ਵੱਲੋ ਵੀ ਵਿਦਿਆਰਥੀਆਂ ਦੇ ਖਾਤਿਆ ਵਿਚ ਟਰਾਂਸਫਰ ਕੀਤੀ ਜਾ ਚੁੱਕੀ ਹੈ।

1) ਸਬੰਧਤ ਸਕੂਲ ਮੁੱਖੀ ਇਹ ਸੁਨਿਸਚਿਤ ਬਣਾਉਣਗੇ ਕਿ ਇਹ ਸੀਡ ਮਨੀ ਦੀ ਰਾਸ਼ੀ ਜਿਹਨਾਂ ਵਿਦਿਆਰਥੀਆਂ ਲਈ ਅਤੇ ਜਿਸ ਮੰਤਵ ਲਈ ਭੇਜੀ ਗਈ ਹੈ, ਇਸ ਦਾ ਉਪਯੋਗ ਸਿਰਫ ਉਹਨਾਂ ਵਿਦਿਆਰਥੀਆਂ ਲਈ ਅਤੇ ਉਸੇ ਮੰਤਵ ਲਈ ਹੀ ਕੀਤਾ ਜਾਵੇ।
2) ਇਸ ਰਾਸ਼ੀ ਨੂੰ ਖਰਚਣ ਸਮੇ ਵਿਭਾਗ ਦੀਆ ਜਾਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਸਮੇ ਸਮੇ ਤੇ ਇਨ੍ਹਾਂ ਕੰਮਾਂ ਦਾ ਨਿਰੀਖਣ ਕਰਨਾ ਵੀ ਯਕੀਨੀ ਬਣਾਇਆ ਜਾਵੇ।
3) ਜਿਨ੍ਹਾਂ ਸਕੂਲਾਂ ਦੇ ਵਿਦਿਆਰਥੀ ਇਸ ਰਾਸ਼ੀ ਤੋਂ ਵਾਂਝੇ ਰਹਿ ਗਏ ਹਨ ਉਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਨੂੰ ਇਹ ਰਾਸ਼ੀ ਸੀਡ ਮਨੀ ਦੀ ਦੂਸਰੀ ਕਿਸ਼ਤ ਪ੍ਰਾਪਤ ਹੋਣ ਤੇ ਤੁਰੰਤ ਜਾਰੀ ਕਰ ਦਿੱਤੀ ਜਾਵੇਗੀ।
4) ਇਹ ਰਾਸ਼ੀ ਤੁਰੰਤ ਹੀ ਖਰਚ ਕਰਕੇ ਵਰਤੋਂ ਸਰਟੀਫਿਕੇਟ ਇਸ ਦਫਤਰ ਦੀ ਜੀ-1/1 ਸੀਟ ਮੈਡਮ ਸਰਬਜੀਤ ਕੌਰ ਕੋਲ ਜਮ੍ਹਾਂ ਕਰਵਾਉਣੇ ਯਕੀਨੀ ਬਣਾਏ ਜਾਣ।
5) ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ ਹਰੇਕ ਹਾਜ਼ਰ ਵਿਦਿਆਰਥੀ ਦੇ ਖਾਤੇ ਵਿਚ ਸੀਡ ਮਨੀ ਪਹੁੰਚ ਚੁੱਕੀ ਹੋਵੇ।

ਨੋਟ- ਸਬੰਧਤ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਖਰਚ ਕੀਤੀ ਰਾਸ਼ੀ ਦੇ ਵਰਤੋਂ ਸਰਟੀਫਿਕੇਟ ਕੱਲ੍ਹ ਮਿਤੀ 02.04.26 ਨੂੰ ਸ਼ਾਮ 4.00 ਵਜ਼ੇ ਤੱਕ ਹਰ ਹਾਲਤ ਵਿਚ ਇਸ ਦਫਤਰ ਵਿਖੇ ਜਮ੍ਹਾਂ ਕਰਵਾ ਦਿੱਤੇ ਜਾਣ ਤਾਂ ਜੋ ਮੁੱਖ ਦਫਤਰ ਨੂੰ ਇਸ ਦੀ ਸੂਚਨਾ ਭੇਜੀ ਜਾ ਸਕੇ।

01/04/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ
01/04/26

Scanned with CamScanner